BC Centre for Disease Control
Provincial Health Services Authority

Provincial Tuberculosis Services

Main Switchboard 604 707 2692
TB Services Fax 604 707 2690

www.bccdc.ca

# ਸਟ੍ਰੈਪਟੋਮਾਇਸਿਨ
# STREPTOMYCIN

ਸਟ੍ਰੈਪਟੋਮਾਇਸਿਨ (Streptomycin) ਟੀਕੇ ਰਾਹੀਂ ਲਿਆ ਜਾਣ ਵਾਲਾ ਐਂਟੀਬਾਇਓਟਿਕ (ਰੋਗਾਣੂ ਨਾਸ਼ਕ) ਹੈ ਜਿਸ ਨੂੰ ਰੋਗਾਣੂਆਂ ਕਾਰਣ ਤਬਦਿਕ (ਟੀ.ਬੀ.) ਸਮੇਤ ਹੋਣ ਵਾਲੀਆਂ ਇਨਫ਼ੈਕਸ਼ਨਾਂ ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ।

## ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (How should I take this?)

- ਤੁਹਾਡੇ ਡਾਕਟਰ ਦੇ ਨਿਰਦੇਸ਼ ਮੁਤਾਬਕ ਇਸ ਦਵਾਈ ਦਾ ਟੀਕਾ ਤੁਹਾਡੇ ਪੱਠੇ ਵਿੱਚ ਲਗਾਇਆ ਜਾਂਦਾ ਹੈ। ਇਸ ਦੀ ਖ਼ੁਰਾਕ ਤੁਹਾਡੀ ਸਿਹਤ ਦੀ ਹਾਲਤ, ਤੁਹਾਡੇ ਭਾਰ ਅਤੇ ਤੁਹਾਡੇ ਸਰੀਰ ਉੱਪਰ ਟ੍ਰੀਟਮੈਂਟ ਦੇ ਅਸਰ ਉੱਪਰ ਅਧਾਰਤ ਹੁੰਦੀ ਹੈ।
- ਤੁਹਾਡੀ ਸਿਹਤ ਸਮੱਸਿਆ ਮੁਤਾਬਕ ਢੁਕਵੀਂ ਖ਼ੁਰਾਕ ਲੱਭਣ ਲਈ ਲੈਬੋਰੇਟਰੀ ਟੈਸਟ (ਜਿਵੇਂ ਕਿ ਗੁਰਦਿਆਂ ਦੀ ਕਾਰਗੁਜ਼ਾਰੀ, ਖ਼ੂਨ ਵਿੱਚ ਦਵਾਈ ਦੇ ਪੱਧਰ ਦੀ ਮੌਜੂਦਗੀ) ਕੀਤੇ ਜਾ ਸਕਦੇ ਹਨ।

## ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)

- ਗੁਰਦਿਆਂ ਜਾਂ ਸੁਣਨ ਸ਼ਕਤੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਹੋਰ ਦਵਾਈਆਂ ਜੇਕਰ streptomycin ਨਾਲ ਲਈਆਂ ਜਾਣ ਤਾਂ ਉਨ੍ਹਾਂ ਕਾਰਣ ਗੁਰਦਿਆਂ ਨੂੰ ਨੁਕਸਾਨ ਪਹੁੰਚਣ ਜਾਂ ਸੁਣਨ ਸ਼ਕਤੀ ਵਿੱਚ ਕਮੀ ਆਉਣ ਦਾ ਖ਼ਤਰਾ ਵਧ ਸਕਦਾ ਹੈ।

    - “ਨੌਨ-ਸਟੀਰੋਇਡਲ ਐਂਟੀ-ਇਨਫ਼ਲੈਮੇਟੋਰੀ ਡਰੱਗਜ਼” [NSAIDS (ਐੱਨ-ਸੈੱਡਜ਼)] ਕੁਝ ਆਮ ਉਦਾਹਰਣਾਂ ਹਨ, ਜਿਵੇਂ ਕਿ ਆਇਬੂਪ੍ਰੋਫ਼ਿਨ [Advil®, Motrin® (ਐਡਵਿਲ, ਮੌਟਰਿਨ)] ਜਾਂ ਨੈਪਰੌਕਸਿਨ ਅਤੇ ਡਿਊਰੈਟਿਕਸ (ਪਿਸ਼ਾਬ ਵਧਾਉਣ ਵਾਲੀਆਂ ਦਵਾਈਆਂ) ਜਿਵੇਂ ਕਿ ਫ਼ਿਊਰੋਸਮਾਈਡ [Lasix® (ਲੈਸਿਕਸ)]

- ਮਾਸਪੇਸ਼ੀਆਂ ਨੂੰ ਨਰਮ ਕਰਨ ਵਾਲੇ ਪਦਾਰਥ ਜਾਂ ਦਵਾਈਆਂ ਜਿਨ੍ਹਾਂ ਕਾਰਨ ਨਸਾਂ/ਤੰਤੂਆਂ ਵਿਚ ਸਮੱਸਿਆਵਾਂ ਪੈਦਾ ਹੁੰਦੀਆਂ ਹੋਣ।

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੋਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ **ਕੋਈ ਹੋਰ ਦਵਾਈਆਂ ਲੈ ਰਹੇ ਹੋ** ਆਪਣੇ ਡਾਕਟਰ ਅਤੇ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ।

ਕੁਝ “ਲਾਈਵ ਬੈਕਟੀਰੀਅਲ ਇਨਫ਼ੈਕਸ਼ਨਾਂ” (ਜਿਵੇਂ ਕਿ ਟਾਇਫ਼ਾਇਡ, ਬੀ.ਸੀ.ਜੀ.) ਨਾਲ Streptomycin ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਜੇਕਰ ਤੁਸੀਂ ਕੋਈ **ਵੈਕਸੀਨੇਸ਼ਨ ਜਾਂ ਟ੍ਰੀਟਮੈਂਟ** ਕਰਵਾਉਣ ਦੀ ਯੋਜਨਾ ਬਣਾ ਰਹੇ ਹੋ ਤਾਂ ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨਾਲ ਗੱਲ ਕਰੋ।

## ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)

- ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ ਜਾਂ ਭੁੱਖ ਨਾ ਲੱਗਣੀ
- ਜਿਸ ਥਾਂ ’ਤੇ ਟੀਕਾ ਲਗਾਇਆ ਗਿਆ ਸੀ ਉੱਥੇ ਦਰਦ, ਬੇਅਰਾਮੀ ਜਾਂ ਲਾਲੀ
- ਸਿਰਦਰਦ, ਚੱਕਰ ਆਉਣੇ

ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹਿਣ ਜਾਂ ਬਦਤਰ ਹੋ ਜਾਣ ਤਾਂ ਆਪਣੇ ਡਾਕਟਰ ਦੀ ਸਲਾਹ ਲਓ।

# ਸਟ੍ਰੈਪਟੋਮਾਇਸਿਨ (ਚਲਦਾ)
# STREPTOMYCIN (cont'd)

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੋਵੇ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**

- ਐਲਰਜਿਕ ਰੀਐਕਸ਼ਨ (ਸਾਹ ਚੜ੍ਹਨਾ, ਛਪਾਕੀਆਂ ਹੋਣੀਆਂ, ਬੁੱਲ੍ਹਾਂ, ਚਿਹਰੇ ਜਾਂ ਜੀਭ ਉੱਪਰ ਸੋਜਿਸ਼, ਧੱਫੜ ਜਾਂ ਬੇਹੋਸ਼ ਹੋ ਜਾਣਾ)
- ਬਹੁਤ ਘੱਟ ਪਿਸ਼ਾਬ ਆਉਣਾ ਜਾਂ ਬਿਲਕੁਲ ਵੀ ਪਿਸ਼ਾਬ ਨਾ ਆਉਣਾ
- ਸੁਣਨ ਸ਼ਕਤੀ ਵਿੱਚ ਘਾਟ, ਕੰਨਾਂ ਵਿੱਚ ਘੰਟੀਆਂ ਵੱਜਣੀਆਂ ਜਾਂ ਸ਼ਾਂ-ਸ਼ਾਂ ਦੀ ਆਵਾਜ਼ ਹੋਣੀ
- ਕੰਨਾਂ ਵਿਚ ਆਵਾਜ਼ਾਂ ਗੂੰਜਣੀਆਂ ਜਾਂ ਕੰਨ ਭਰੇ ਹੋਏ ਲੱਗਣੇ
- ਸੰਤੁਲਨ ਦੇ ਅਹਿਸਾਸ ਦੀ ਘਾਟ
- ਚਿਹਰੇ ਤੇ ਜਲਨ, ਜੁਣਝੁਣੀ ਜਾਂ ਚਿਹਰਾ ਸੁੰਨ ਜਿਹਾ ਲੱਗਣਾ
- ਮਾਸਪੇਸ਼ੀਆਂ ਵਿਚ ਕਮਜ਼ੋਰੀ
- ਪਾਣੀ ਜਿਹੇ ਦਸਤ ਜਾਂ ਪੇਟ ਵਿਚ ਕੜੱਲ ਪੈਣੇ

**ਉੱਪਰ ਦੱਸਿਆਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਣ ਲੱਛਣ ਮਹਿਸੂਸ ਹੋਵੇ ਤਾਂ ਆਪਣੇ ਡਾਕਟਰ ਨੂੰ ਦੱਸੋ।**

ਸਟ੍ਰੈਪਟੋਮਾਇਸਿਨ **ਲੈਣ ਬਾਰੇ ਮੈਨੂੰ ਹੋਰ ਕੀ ਪਤਾ ਹੋਣਾ ਚਾਹੀਦਾ ਹੈ? (What else do I need to know about taking streptomycin?)**

- ਇਹ ਮਹੱਤਵਪੂਰਣ ਹੈ ਕਿ ਤੁਸੀਂ ਡਾਕਟਰ ਵੱਲੋਂ ਕਹੇ ਗਏ ਸਾਰੇ **ਲੈਬ ਟੈੱਸਟ** ਕਰਵਾਓ ਅਤੇ ਡਾਕਟਰ ਜਾਂ ਨਰਸ ਨਾਲ ਆਪਣੀਆਂ ਸਾਰੀਆਂ **ਅਪੁਆਇੰਟਮੈਂਟਾਂ** ਲਈ ਜਾਓ। ਤੁਹਾਡੀ ਸਿਹਤ ਵਿੱਚ ਸੁਧਾਰ ਦਾ ਜਾਇਜ਼ਾ ਲੈਣ ਲਈ ਜਾਂ ਮਾੜੇ ਪ੍ਰਭਾਵਾਂ ਦੀ ਜਾਂਚ ਕਰਨ ਲਈ ਡਾਕਟਰ ਤੁਹਾਡੇ ਖ਼ੂਨ ਦੀ ਜਾਂਚ, ਸੁਣਨ ਸ਼ਕਤੀ ਦੀ ਜਾਂਚ, ਗੁਰਦਿਆਂ ਦੇ ਟੈਸਟ ਅਤੇ streptomycin ਦੇ ਪੱਧਰ ਦੀ ਜਾਂਚ ਕਰਨ ਦੇ ਟੈਸਟ ਕਰਵਾਉਣ ਦੇ ਨਿਰਦੇਸ਼ ਦੇ ਸਕਦਾ ਹੈ।
- ਜੇਕਰ ਤੁਸੀਂ **ਗਰਭਵਤੀ** ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ **ਆਪਣਾ ਦੁੱਧ ਚੁੰਘਾਉਣ** ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ।
- ਜੇਕਰ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਸਿਹਤ ਸਮੱਸਿਆਵਾਂ ਹਨ ਤਾਂ ਆਪਣੇ ਡਾਕਟਰ ਨੂੰ ਦੱਸੋ: ਗੁਰਦਿਆਂ ਦਾ ਰੋਗ, "ਮਾਇਸਟੀਨੀਆ ਗ੍ਰੈਵਿਸ" ਹੋਣਾ ਜਾਂ streptomycin ਜਾਂ ਇਸ ਨਾਲ ਮਿਲਦੇ-ਜੁਲਦੇ ਕੋਈ "ਅਮੀਨੋਗਲਾਇਕੋਸਾਈਡ ਐਂਟੀਬਾਇਓਟਿਕ" ਜਿਵੇਂ ਕਿ amikacin (ਏਮੀਕੇਸਿਨ), gentamicin (ਜੈਂਟਾਮਾਇਸਿਨ) ਜਾਂ tobramycin (ਟੋਬਰਾਮਾਇਸਿਨ) ਤੋਂ ਕੋਈ ਵੀ ਐਲਰਜੀ ਹੋਣੀ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ______________________________

| | |
|---|---|
| ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2692 |
| ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: | 604-707-2698 |
| ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: | 604-707-2580 |



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*